Tender Heart High School, Class-V (Punjabi)

Chapter- 2 Gurpreet Kaur

## Topic- "ਛੋਟੇ ਹੋਣ ਵੱਡੇ ਕੰਮ"

①

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।

ਮੈਂ ਗੁਰਪ੍ਰੀਤ ਕੌਰ, ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-2 "ਛੋਟੇ ਹੋਣ ਵੱਡੇ ਕੰਮ" ਦੀ ਪਿਛਲੀ ਅਭਿਆਸਮਾਲਾ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਹ ਅਭਿਆਸ ਤੁਹਾਡੀ "ਕਿੱਕਲੀ ਪੰਜਾਬੀ ਪਾਠਮਾਲਾ" ਦੇ ਪੰਨਾ ਨੰਬਰ 11, 12 ਅਤੇ 13 'ਤੇ ਦਰਜ ਹੈ। ਜੇ ਸਾਰੇ ਵਿਦਿਆਰਥੀ ਕਿਤਾਬਾਂ ਅਤੇ ਕਾਪੀਆਂ ਲੈਕੇ ਤਿਆਰ ਹਨ ਤਾਂ ਆਓ, ਅਸੀਂ ਅਭਿਆਸ ਨੂੰ ਹੱਲ ਕਰੀਏ :-

★ ਸਭ ਤੋਂ ਪਹਿਲਾਂ ਅਸੀਂ ਬਹੁਵਿਕਲਪੀ ਪ੍ਰਸ਼ਨ ਹੱਲ ਕਰਾਂਗੇ :-

ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਹੇਠਾਂ ਦਿੱਤੇ ਖਾਨਿਆਂ ਵਿੱਚ ਟਿੱਕ (✓) ਕਰੋ—

(ੳ) ਜ਼ੋਰਾਵਰ ਸਿੰਘ ਕਿੰਨੇ ਸਾਲਾਂ ਦਾ ਸੀ?

ਸੱਤ ਸਾਲਾਂ ਦਾ ☐ ਅੱਠ ਸਾਲਾਂ ਦਾ ☐ ਨੌਂ ਸਾਲਾਂ ਦਾ ☑

(ਅ) ਸੂਬੇ ਨੇ ਸਾਹਿਬਜ਼ਾਦਿਆਂ ਨੂੰ ਕੀ ਬਣਨ ਲਈ ਕਿਹਾ ?

ਹਿੰਦੂ ☐ ਮੁਸਲਮਾਨ ☑ ਈਸਾਈ ☐

(ੲ) ਗੁਰੂ ਗੋਬਿੰਦ ਸਿੰਘ ਜੀ ਨੇ ਕਿਨ੍ਹਾਂ ਦੀ ਰੱਖਿਆ ਕੀਤੀ ਸੀ ?

ਮਜ਼ਲੂਮਾਂ ਦੀ ☑ ਤਕੜਿਆਂ ਦੀ ☐ ਵੱਡਿਆਂ ਦੀ ☐

(ਸ) ਸੂਬੇ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਕਿਵੇਂ ਸ਼ਹੀਦ ਕੀਤਾ?

ਦੀਵਾਰ ਸੁੱਟ ਕੇ ☐ ਦੀਵਾਰ ਵਿੱਚ ਚਿਣ ਕੇ ☑ ਸਿਰ ਕਲਮ ਕਰਕੇ ☐

★ ਇਹ ਪ੍ਰਸ਼ਨ ਤੁਸੀਂ ਕਿਤਾਬਾਂ ਵਿੱਚ ਹੀ ਹੱਲ ਕਰਨਾ ਹੈ।

Tender Heart High School, Class- V (Punjabi)

Ch-2 Gurpreet Kaur

②

ਹੁਣ ਅਸੀਂ ਲਿਖਤੀ ਪ੍ਰਸ਼ਨ ਹੱਲ ਕਰਾਂਗੇ, ਇਹ ਪ੍ਰਸ਼ਨ- ਉੱਤਰ ਤੁਸੀਂ ਪੰਜਾਬੀ ਦੀਆਂ ਕਾਪੀਆਂ ਵਿੱਚ ਲਿਖੋ।

ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਛੋਟੇ ਸਾਹਿਬਜ਼ਾਦਿਆਂ ਦੇ ਨਾਂ ਲਿਖੋ।

→ 1) ਜ਼ੋਰਾਵਰ ਸਿੰਘ 2) ਫ਼ਤਹਿ ਸਿੰਘ

(ਅ) ਛੋਟੇ ਸਾਹਿਬਜ਼ਾਦਿਆਂ ਨੂੰ ਕਿੱਥੇ ਲਿਆਂਦਾ ਗਿਆ?

→ ਸੂਬੇ ਦੀ ਕਚਹਿਰੀ ਵਿੱਚ।

(ੲ) ਸਾਹਿਬਜ਼ਾਦਿਆਂ ਦੇ ਦਾਦਾ ਜੀ ਕੌਣ ਸਨ?

ਗੁਰੂ ਤੇਗ਼ ਬਹਾਦਰ ਜੀ।

(ਸ) ਦੀਵਾਰ ਕਿਵੇਂ ਡਿੱਗੀ?

→ ਮੀਂਹ ਅਤੇ ਹਨੇਰੀ ਕਾਰਨ।

ਆਓ ਹੁਣ ਪ੍ਰਸ਼ਨ- 2 ਹੱਲ ਕਰੀਏ। (ਕਿਤਾਬਾਂ ਵਿੱਚ ਕਰੋ)

(2) ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਠੀਕ ਸ਼ਬਦ ਚੁਣੋ ਤੇ ਖ਼ਾਲੀ ਥਾਵਾਂ ਭਰੋ— (ਕਿਤਾਬ ਵਿੱਚ ਕਰੋ)

| | | | |
|---|---|---|---|
| ਮੁਸਲਮਾਨ | ਲਾਲ-ਪੀਲ਼ਾ | ਸੱਤ | ਮਜ਼ਲੂਮਾਂ |

(ੳ) ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੌਂ ਸਾਲਾਂ ਦਾ ਤੇ ਫ਼ਤਹਿ ਸਿੰਘ ਸੱਤ ਸਾਲਾਂ ਦਾ ਸੀ।

(ਅ) ਸੂਬੇ ਨੇ ਉਨ੍ਹਾਂ ਨੂੰ ਮੁਸਲਮਾਨ ਬਣਨ ਲਈ ਕਿਹਾ।

(ੲ) ਅਸੀਂ ਉਸ ਮਹਾਨ ਪਿਤਾ ਦੇ ਸਪੁੱਤਰ ਹਾਂ ਜਿਸ ਨੇ ਹਮੇਸ਼ਾ ਮਜ਼ਲੂਮਾਂ ਦੀ ਰੱਖਿਆ ਕੀਤੀ।

(ਸ) ਦੋਵਾਂ ਦੇ ਤਰਕ ਸੁਣ ਕੇ ਸੂਬਾ ਲਾਲ-ਪੀਲਾ ਹੋਣ ਲੱਗਾ।

ਹੁਣ ਤੁਸੀਂ ਥੋੜ੍ਹੀ ਦੇਰ ਰੁਕਕੇ ਪਹਿਲਾਂ ਇਹ ਪ੍ਰਸ਼ਨ ਹੱਲ ਕਰੋ।

Tender Heart High School, Class-V (Punjabi)

Ch-2 Gurpreet Kaur

ਪ੍ਰਸ਼ਨ-3 (ਕਿਤਾਬਾਂ ਵਿੱਚ ਹੀ ਹੱਲ ਕਰੋ) (3)

3. ਹੇਠਾਂ ਦਿੱਤੇ ਸ਼ਬਦਾਂ ਨੂੰ ਸਾਹਮਣੇ ਦਿੱਤੇ ਸ਼ਬਦਾਂ ਨਾਲ ਮੇਲੋ—

| | |
|---|---|
| 1) ਕਚਹਿਰੀ | ਚੇਤਾਵਨੀ (2) |
| 2) ਵੰਗਾਰ | ਛਿਪਣ (5) |
| 3) ਸੰਤਾਨ | ਅਦਾਲਤ (1) |
| 4) ਦੀਵਾਰ | ਔਲਾਦ (3) |
| 5) ਅਲੋਪ | ਕੰਧ (4) |

4. ਹੇਠਾਂ ਦਿੱਤੇ ਸ਼ਬਦ ਕਿਸ ਨੇ ਕਿਸ ਨੂੰ ਬੋਲੇ— (ਕਿਤਾਬ ਵਿੱਚ ਹੱਲ ਕਰੋ)

(ੳ) "ਬਾਲਕੋ ਮੇਰੀ ਮੰਨੋ ਤੇ ਮੁਸਲਮਾਨ ਬਣ ਜਾਓ। ਤੁਹਾਨੂੰ ਮਹਿਲਾਂ ਵਿੱਚ ਰੱਖਾਂਗਾ।"

→ ਸੂਬੇ ਨੇ ਸਾਹਿਬਜ਼ਾਦਿਆਂ ਨੂੰ ਕਿਹਾ।

(ਅ) "ਸੂਬਿਆ, ਅਸੀਂ ਉਸ ਮਹਾਨ ਪਿਤਾ ਦੀ ਸੰਤਾਨ ਹਾਂ ਜਿਸ ਨੇ ਹਮੇਸ਼ਾ ਹੀ ਮਜ਼ਲੂਮਾਂ ਦੀ ਰੱਖਿਆ ਕੀਤੀ ਹੈ।"

→ ਛੋਟੇ ਸਾਹਿਬਜ਼ਾਦਿਆਂ ਨੇ ਸੂਬੇ ਨੂੰ ਕਹੇ।

Tender Heart High School, Class-V (Punjabi)

Ch-2 Gurpreet Kaur

1. ਹੇਠਾਂ ਦਿੱਤੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ— (ਕਿਤਾਬਾਂ ਵਿੱਚ ਕਰੋ)

| ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ |
| --- | --- | --- | --- |
| ਨੋਂ | ਨੌਂ | ਫਤੇਹ ਸਿੰਘ | ਫ਼ਤਹਿ ਸਿੰਘ |
| ਕਚੈਹਰੀ | ਕਚਹਿਰੀ | ਦੂਖ | ਦੁੱਖ |
| ਪਿਠ | ਪਿੱਠ | ਲਾਲਿਚ | ਲਾਲਚ |

(ਕਿਤਾਬਾਂ ਵਿੱਚ ਕਰੋ) ਰਚਨਾਤਮਕ ਗਤੀਵਿਧੀਆਂ

1. ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਪਰਿਵਾਰ ਦੇ ਨਾਂ ਲਿਖੋ—
   (ੳ) ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ।
   (ਅ) ਉਨ੍ਹਾਂ ਦੇ ਪਿਤਾ ਦਾ ਨਾਂ ਗੁਰੂ ਤੇਗ਼ ਬਹਾਦਰ ਸੀ।
   (ੲ) ਉਨ੍ਹਾਂ ਦੀ ਮਾਤਾ ਦਾ ਨਾਂ ਮਾਤਾ ਗੁਜਰ ਕੌਰ ਸੀ।
   (ਸ) ਉਨ੍ਹਾਂ ਦੇ ਸਾਹਿਬਜ਼ਾਦਿਆਂ ਦੇ ਨਾਂ ਸਨ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ, ਫ਼ਤਹਿ ਸਿੰਘ

ਵਿਦਿਆਰਥੀ ਇਸ ਅਭਿਆਸ ਨੂੰ ਸਮਝਣ ਤੋਂ ਬਾਅਦ ਆਪਣੀਆਂ ਕਿਤਾਬਾਂ ਅਤੇ ਕਾਪੀਆਂ ਵਿੱਚ ਹੱਲ ਕਰਨ।

ਧੰਨਵਾਦ।

Last page-4